## ਕੀ ਮੈਂ ਹਿੱਸਾ ਲੈਣ ਤੋਂ ਇੰਕਾਰ ਕਰ ਸਕਦਾ ਹਾਂ ?

- ਬਿਲਕੁਲ । ਹਾਲਾਂਕਿ ਸਾਡੇ ਹਸਪਤਾਲਾਂ 'ਚ ਸਰਜਰੀ ਨੂੰ ਸੁਧਾਰਣ ਲਈ ਤੁਹਾਡੀ ਮਦਦ ਦੀ ਅਸੀਂ ਤਹੇ ਦਿਲ ਤੋਂ ਸ਼ਲਾਘਾ ਕਰਦੇ ਹਾਂ, ਫਿਰ ਵੀ ਇਹ ਫ਼ੈਸਲਾ ਤੁਹਾਡਾ ਹੀ ਹੈ ਅਤੇ ਤੁਸੀਂ ਹਿੱਸਾ ਲੈਣ ਤੋਂ ਇੰਕਾਰ ਕਰ ਸਕਦੇ ਹੋ।

ਅਸੀਂ ਉਮੀਦ ਕਰਦੇ ਹਾਂ ਕਿ ਤੁਹਾਡੀ ਸਿਹਤਯਾਬੀ ਚੰਗੀ ਤਰ੍ਹਾਂ ਹੋਵੇਗੀ । ਕੁਆਲਟੀ ਸੁਧਾਰਣ ਲਈ ਕੀਤੇ ਜਾ ਰਹੇ ਇਸ ਮਹੱਤਵਪੂਰਨ ਉਪਰਾਲੇ 'ਚ ਤੁਹਾਡੇ ਸਹਿਯੋਗ ਦੀ ਅਸੀਂ ਸ਼ਲਾਘਾ ਕਰਦੇ ਹਾਂ।

## ਯਾਦ ਰੱਖੋ

**ਆਪਣੀ ਸਰਜਰੀ ਬਾਰੇ ਜੇ ਤੁਸੀਂ ਕੋਈ ਪਰੇਸ਼ਾਨੀ ਮਹਿਸੂਸ ਕਰੋ ਜਾਂ ਕੋਈ ਹੋਰ ਫ਼ਿਕਰ ਹੋਵੇ ਤਾਂ ਇੰਤਜ਼ਾਰ ਨਾ ਕਰੋ । ਕਿਰਪਾ ਕਰ ਕੇ ਸਰਜਰੀ ਦੇ ਬਾਅਦ ਦੇ ਕਿਸੇ ਵੀ ਸਵਾਲ ਲਈ ਆਪਣੇ ਡਾਕਟਰ ਨੂੰ ਕਾੱਲ ਕਰੋ ।**

ACS NSQIP® PARTICIPANT

Abbotsford Regional Hospital
Burnaby Hospital
Chilliwack General Hospital
Delta Hospital
Eagle Ridge Hospital
Jim Pattison Outpatient Care and Surgery Centre
Langley Memorial Hospital
Peace Arch Hospital
Ridge Meadows Hospital
Royal Columbian Hospital
Surrey Memorial Hospital

www.fraserhealth.ca

ਇਹ ਜਾਨਕਾਰੀ ਤੁਹਾਡੇ ਹੈਲਥ ਕੇਯਰ ਪ੍ਰੋਵਾਇਡਰ ਵਲੋਂ ਤੁਹਾਨੂੰ ਦਿੱਤੀ ਸਲਾਹ ਦਾ ਬਦਲ ਨਹੀਂ ਹੈ।

Print Shop #264072 (June 2013) Punjabi

Punjabi

# ਸਰਜਰੀ ਕਰਵਾ ਰਹੇ ਹੋ ?

ਨੈਸ਼ਨਲ ਸਰਜਿਕਲ
ਕੁਆਲਟੀ ਇਮਪਰੂਵਮੈਂਟ ਪ੍ਰੋਗਰਾਮ
(ਐਨਐਸਕਯੂਆਈ ਪੀ)

**ਤੁਹਾਡੀ ਸਰਜਰੀ ਦੇ ਬਾਅਦ ਐਨ.ਐਸ.ਕਯੂ.ਆਈ.ਪੀ. ਦਾ ਸਟਾਫ਼ ਤੁਹਾਨੂੰ ਕਾੱਲ ਕਰ ਸਕਦਾ ਹੈ**



# Having Surgery?

National Surgical
Quality Improvement Program
(NSQIP)

**NSQIP staff may call you after surgery**

ACS NSQIP® PARTICIPANT

fraserhealth Better health. Best in health care.

ਹਸਪਤਾਲ, ਡਾਕਟਰ, ਅਤੇ ਸਟਾਫ਼ ਤਨ ਦੇਹੀ ਨਾਲ ਕੰਮ ਕਰ ਕੇ, ਜਿਨ੍ਹੀਂ ਬੇਹਤਰੀਨ ਦੇਖ਼ਭਾਲ ਸੰਭਵ ਹੋ ਸਕਦੀ ਹੈ, ਓਹ ਮਰੀਜ਼ਾਂ ਨੂੰ ਦਿੰਦੇ ਹਨ, ਪਰ ਫਿਰ ਵੀ ਸਰਜਰੀ ਤੋਂ ਬਾਅਦ ਗੁੰਝਲਾਂ ਜਾਂ ਇਨਫ਼ੈਕਸ਼ਨਾਂ ਹੋ ਸਕਦੀਆਂ ਹਨ।

ਜਦੋਂ ਅਜਿਹਾ ਹੁੰਦਾ ਹੈ ਤਾਂ ਮਰੀਜ਼ ਦੀ ਸਿਹਤ ਖ਼ਤਰੇ 'ਚ ਪੈ ਜਾਂਦੀ ਹੈ ਅਤੇ ਹੋਰ ਵਾਧੂ ਇਲਾਜ ਦੀ ਲੋੜ ਪੈ ਸਕਦੀ ਹੈ। ਅਸੀਂ ਕਦੇ ਨਹੀਂ ਚਾਹੁੰਦੇ ਕਿ ਇੰਝ ਦੇ ਹਾਲਾਤ ਪੈਦਾ ਹੋਣ।

ਜੋ ਦੇਖ਼ਭਾਲ ਅਸੀਂ ਪ੍ਰਦਾਨ ਕਰਦੇ ਹਾਂ, ਓਸ 'ਚ ਲਗਾਤਾਰ ਸੁਧਾਰ ਲਿਆਉਣ ਲਈ ਫ੍ਰੇਜ਼ਰ ਹੈਲਥ ਹਸਪਤਾਲ, **ਨੈਸ਼ਨਲ ਸਰਜਿਕਲ ਕੁਆਲਟੀ ਇਮਪਰੂਵਮੈਂਟ ਪ੍ਰੋਗਰਾਮ** (ਐਨ ਐਸ ਕਯੂ ਆਈ ਪੀ) ਜੋ ਕਿ ਇਕ ਅੰਤਰ-ਰਾਸ਼ਟਰੀ ਮਾਨਤਾ ਪ੍ਰਾਪਤ ਪ੍ਰੋਗਰਾਮ ਹੈ, ਓਸ ਦੇ ਨਾਲ ਮਿਲ ਕੇ ਇਸ ਗੱਲ ਦਾ ਮੁਲਾਂਕਣ ਕਰ ਰਹੇ ਹਨ ਕਿ ਕੈਨੇਡਾ ਅਤੇ ਅਮਰੀਕਾ (ਯੂਨਾਈਟਿਡ ਸਟੇਟਸ) ਦੇ ਹੋਰ ਹਸਪਤਾਲਾਂ 'ਚ ਅਜਿਹਾ ਇਲਾਜ ਕਰਵਾ ਰਹੇ ਮਰੀਜ਼ਾਂ ਦੇ ਮੁਕਾਬਲੇ 'ਚ ਬੀ ਸੀ ਦੇ ਮਰੀਜ਼, ਸਰਜਰੀ ਤੋਂ ਬਾਅਦ ਕਿੰਨੀ ਚੰਗੀ ਸਿਹਤਯਾਬੀ ਕਰ ਰਹੇ ਹਨ।

**ਤੁਸੀਂ ਕਿਵੇਂ ਮਦਦ ਕਰ ਸਕਦੇ ਹੋ ?**

- ਅਸੀਂ ਚਾਹਵਾਂਗੇ ਕਿ ਸਾਡੇ ਸਰਜਰੀ ਦੇ ਮਰੀਜਾਂ ਦੀ ਸਿਹਤ ਸੁਧਾਰਣ 'ਚ ਤੁਸੀਂ ਸਾਡੀ ਮਦਦ ਕਰੋ।
- ਕੋਈ ਨਿਜੀ ਜਾਣਕਾਰੀ (ਜਿਵੇਂ ਤੁਹਾਡਾ ਨਾਂ ਜਾਂ ਪਰਸਨਲ ਹੈਲਥ ਨੰਬਰ) ਇਕੱਠੀ ਨਹੀਂ ਕੀਤੀ ਜਾਂਦੀ ਜਿਸ ਕਰ ਕੇ ਮਰੀਜ਼ ਦੀ ਪਹਿਚਾਨ ਕਿਸੇ ਤਰ੍ਹਾਂ ਵੀ ਨਹੀਂ ਕੀਤੀ ਜਾ ਸਕਦੀ।
- ਸਾਡੇ ਜਿਨ੍ਹਾਂ ਮਰੀਜ਼ਾਂ ਦੀ ਸਰਜਰੀ ਹੋ ਚੁੱਕੀ ਹੈ, ਓਹਨਾਂ 'ਚੋਂ ਇਕ ਰੈਂਡਮ ਸੈਂਪਲ (ਬਿਨਾ ਤਰਤੀਬ ਦਾ ਨਮੂਨਾ) ਲਿੱਤਾ ਜਾਵੇਗਾ।
- ਜੇ ਤੁਹਾਡਾ ਨਾਂ ਇਸ ਰੈਂਡਮ ਸੈਂਪਲ 'ਚ ਚੁਣਿਆ ਗਿਆ ਤਾਂ ਤੁਹਾਨੂੰ ਇਕ-ਦੋ ਮਹੀਨਿਆਂ 'ਚ ਇਕ ਫੌਲੋ-ਅਪ ਕਾੱਲ ਆਵੇਗੀ ਜਿਸ ਵਿੱਚ ਸਰਜਰੀ ਦੇ ਬਾਅਦ ਤੁਹਾਡੀ ਸਿਹਤ ਬਾਰੇ ਸਵਾਲ ਤੁਹਾਨੂੰ ਪੁੱਛੇ ਜਾਣਗੇ।



  ਜੇਕਰ ਤੁਸੀਂ ਸਾਡੇ ਸਵਾਲਾਂ ਦੇ ਜਵਾਬ ਦੇਣ ਲਈ ਅੰਗ੍ਰੇਜ਼ੀ ਭਾਸ਼ਾ ਠੀਕ ਨਾਲ ਬੋਲ ਜਾਂ ਸਮਝ ਨਹੀਂ ਸਕਦੇ ਤਾਂ ਚਿੰਤਾ ਨਾ ਕਰੋ। ਅਸੀਂ ਤੁਹਾਡੇ ਜਵਾਬ ਕਈ ਹੋਰ ਤਰ੍ਹਾਂ ਹਾਸਲ ਕਰ ਸਕਦੇ ਹਾਂ। ਮਿਸਾਲ ਦੇ ਤੌਰ ਤੇ, ਅਸੀਂ

  - ਤੁਹਾਡੇ ਪਰਿਵਾਰ ਦੇ ਕਿਸੇ ਜੀਅ ਨਾਲ ਗੱਲ ਕਰ ਸਕਦੇ ਹਾਂ ਜੋ ਕਿ ਅੰਗ੍ਰੇਜ਼ੀ ਭਾਸ਼ਾ ਬੋਲ ਜਾਂ ਸਮਝ ਸਕਦਾ ਹੈ
  - ਤੁਹਾਡੇ ਫ਼ੈਮਿਲੀ ਡਾਕਟਰ ਨਾਲ ਗੱਲ ਕਰ ਸਕਦੇ ਹਾਂ
  - ਤੁਹਾਡੇ ਸਰਜਨ ਨਾਲ ਗੱਲ ਕਰ ਸਕਦੇ ਹਾਂ
  - ਤੁਹਾਡੇ ਨਾਲ ਮੈਡੀਕਲ ਦੁਭਾਸ਼ੀਏ ਦੇ ਜ਼ਰੀਏ ਗੱਲ ਕਰ ਸਕਦੇ ਹਾਂ

**ਇਸ ਟੈਲੀਫੋਨ ਕਾੱਲ ਦੇ ਬਾਅਦ ਕੀ ਹੁੰਦਾ ਹੈ ?**

- ਇਸ ਜਾਣਕਾਰੀ ਨੂੰ ਦੂਜੇ ਸਾਰੇ ਹਸਪਤਾਲਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਦੇ ਨਾਲ ਇਕੱਠਾ ਕਰਨ ਤੋਂ ਬਾਅਦ ਸਾਨੂੰ ਵਾਪਸ ਮੋੜ ਦਿੱਤਾ ਜਾਂਦਾ ਹੈ ਤਾਂ ਜੋ ਅਸੀਂ ਵੇਖ ਸਕੀਏ ਕਿ ਓਹਨਾਂ ਦੂਜੇ ਮਰੀਜ਼ਾਂ ਦੇ ਮੁਕਾਬਲੇ, ਜਿਨ੍ਹਾਂ ਦੀ ਇਹੋ ਜਿਹੀ ਸਰਜਰੀ ਹੋਈ ਹੈ, ਸਾਡੇ ਮਰੀਜ਼ਾਂ ਦੀ ਹਾਲਤ ਕਿਹੋ ਜਿਹੀ ਹੈ।
- ਅਸੀਂ ਪਤਾ ਲਗਾਉਂਦੇ ਹਾਂ ਕਿ ਅਸੀਂ ਕਿੱਥੇ ਸੁਧਾਰ ਲਿਆ ਸਕਦੇ ਹਾਂ ਅਤੇ ਉੱਤਰੀ ਅਮਰੀਕਾ ਦੇ ਬੇਹਤਰੀਨ ਹਸਪਤਾਲਾਂ ਨਾਲ ਗੱਲਬਾਤ ਕਰਦੇ ਹਾਂ ਤਾਂ ਜੋ ਓਹਨਾਂ ਤੋਂ ਸਿੱਖ ਸਕੀਏ।